# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੁਕੇਸ਼ਨ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)
ਐਸ.ਸੀ.ਓ. ਨੰ :104-106, ਦੂਜੀ ਅਤੇ ਤੀਜੀ ਮੰਜਿਲ ਸੈਕਟਰ 34-ਏ ਚੰਡੀਗੜ੍ਹ।

ਸੇਵਾ ਵਿਖੇ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),
2. ਸਮੂਹ ਜਿਲ੍ਹਾ ਸਾਇੰਸ ਸੁਪਰਵਾਈਜ਼ਰ
3. ਸਮੂਹ ਸਕੂਲ ਮੁੱਖੀ (ਵੈਬ- ਸਾਈਟ ਰਾਹੀ)

ਮੀਮੋ ਨੰ. : ਸਸਅ/ਐਮਸੀ/2010/ 69273-69313
ਮਿਤੀ, ਚੰਡੀਗੜ੍ਹ 12-11-10

ਵਿਸ਼ਾ:- ਸਮੂਹ ਸਰਕਾਰੀ ਸਕੂਲਾਂ ਦੀ ਜਮਾਤ ਛੇਵੀਂ ਤੋਂ ਦਸਵੀਂ ਜਮਾਤ ਤੱਕ ਦਸੰਬਰ 2010 ਦੀ ਹੋਣ ਵਾਲੀ ਪ੍ਰੀਖਿਆ ਦੇ ਡੇਟਸ਼ੀਟ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਦਸੰਬਰ ਮਹੀਨੇ ਵਿੱਚ ਛੇਵੀਂ, ਸੱਤਵੀਂ,ਅੱਠਵੀਂ ਜਮਾਤਾਂ ਦੀ ਦੂਸਰੀ ਟਰਮੀਨਲ ਪ੍ਰੀਖਿਆ ਲਈ ਜਾਂਦੀ ਹੈ। ਨੌਵੀਂ ਅਤੇ ਦਸਵੀਂ ਜਮਾਤ ਦੀ ਮਹੀਨਾਵਾਰ ਪ੍ਰੀਖਿਆ ਹੋਵੇਗੀ। ਇਨ੍ਹਾਂ ਪ੍ਰੀਖਿਆਵਾਂ ਦੌਰਾਨ ਛੇਵੀਂ ਤੋਂ ਦਸਵੀਂ ਤੱਕ ਦੀ ਜਮਾਤਾਂ ਲਈ ਗਣਿਤ, ਵਿਗਿਆਨ, ਸਮਾਜਿਕ ਸਿੱਖਿਆ ਅਤੇ ਅੰਗ੍ਰੇਜ਼ੀ ਵਿਸ਼ਿਆਂ ਦੇ ਪੇਪਰ ਹੈਡਆਫਿਸ ਵੱਲੋਂ ਭੇਜਿਆ ਜਾਵੇਗਾ ਅਤੇ ਪੇਪਰ ਵਾਲੇ ਦਿਨ ਚਾਰ ਵਿਸ਼ਿਆਂ ਦਾ ਪੇਪਰ ਵੀ ਸਰਵ ਸਿੱਖਿਆ ਅਭਿਆਨ ਦੀ ਵੈੱਬ-ਸਾਈਟ ਤੇ ਵੀ ਡਾਊਨਲਾਊਡ ਵੀ ਕੀਤੇ ਜਾਣਗੇ ਅਤੇ ਬਾਕੀ ਸਾਰੇ ਵਿਸ਼ਿਆ ਦੇ ਪ੍ਰਸ਼ਨ - ਪੱਤਰ ਸਕੂਲ ਮੁੱਖੀ ਆਪਣੇ ਸਕੂਲ ਦੇ ਵਿਸ਼ਾ ਅਧਿਆਪਕ ਤੋ ਬਣਵਾਉਣਗੇ।ਪੰਜਾਬ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਲਈ ਛੇਵੀਂ ਤੋਂ ਦਸਵੀਂ ਜਮਾਤ ਤੱਕ ਦਸੰਬਰ ਮਹੀਨੇ ਦੀ ਹੋਣ ਵਾਲੀ ਪ੍ਰੀਖਿਆ ਲਈ ਡੇਟਸ਼ੀਟ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਜਾਰੀ ਕੀਤੀ ਗਈ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਮਿਤੀ | ਦਿਨ | ਛੇਵੀਂ | ਸੱਤਵੀਂ | ਅੱਠਵੀਂ | ਨੌਵੀਂ | ਦਸਵੀਂ |
|---|---|---|---|---|---|---|---|
| 1 | 13-12-10 | ਸੋਮਵਾਰ | ਸਾਇੰਸ | ਅੰਗਰੇਜ਼ੀ | ਗਣਿਤ | ਸਾਇੰਸ | ਸਮਾਜਿਕ ਸਿੱਖਿਆ |
| 2 | 14-12-10 | ਮੰਗਲਵਾਰ | ਸਰੀਰਕ ਸਿੱਖਿਆ | ਪੰਜਾਬੀ | ਚੋਣਵਾ ਵਿਸ਼ਾ | ਹਿੰਦੀ | ਪੰਜਾਬੀ |
| 3 | 15-12-10 | ਬੁੱਧਵਾਰ | ਚੋਣਵਾ ਵਿਸ਼ਾ | ਕੰਪਿਊਟਰ | ਸਮਾਜਿਕ ਸਿੱਖਿਆ | ਅੰਗਰੇਜੀ | ਗਣਿਤ |
| 4 | 16-12-10 | ਵੀਰਵਾਰ | ਪੰਜਾਬੀ | ਸਾਇੰਸ | ਸਰੀਰਕ ਸਿੱਖਿਆ | ਪੰਜਾਬੀ | ਹਿੰਦੀ |
| 5 | 17-12-10 | ਸ਼ੁਕਰਵਾਰ | - | ਸਰੀਰਕ ਸਿੱਖਿਆ | ਕੰਪਿਊਟਰ | ਸਮਾਜਿਕ ਸਿੱਖਿਆ | ਅੰਗਰੇਜ਼ੀ |
| 6 | 18-12-10 | ਸ਼ਨਿਚਰਵਾਰ | ਗਣਿਤ | ਹਿੰਦੀ | ਪੰਜਾਬੀ | ਗਣਿਤ | ਸਾਇੰਸ |
| 7 | 19-12-10 | ਐਤਵਾਰ | - | - | - | - | - |
| 8 | 20-12-10 | ਸੋਮਵਾਰ | ਅੰਗਰੇਜ਼ੀ | ਸਮਾਜਿਕ ਸਿੱਖਿਆ | ਸਾਇੰਸ | - | - |
| 9 | 21-12-10 | ਮੰਗਲਵਾਰ | ਹਿੰਦੀ | ਚੋਣਵਾ ਵਿਸ਼ਾ | ਹਿੰਦੀ | - | - |
| 10 | 22-12-10 | ਬੁੱਧਵਾਰ | ਕੰਪਿਊਟਰ | - | - | - | - |
| 11 | 23-12-10 | ਵੀਰਵਾਰ | ਸਮਾਜਿਕ ਸਿੱਖਿਆ | ਗਣਿਤ | ਅੰਗਰੇਜ਼ੀ | - | - |

3.0 ਛੇਵੀਂ ਤੋਂ ਅੱਠਵੀਂ ਜਮਾਤਾਂ ਲਈ ਪ੍ਰੀਖਿਆ ਦਾ ਸਮਾਂ ਸਵੇਰੇ 9.15 ਤੋਂ ਦੁਪਹਿਰ 12:15 ਤੱਕ ਹੋਵੇਗਾ ਅਤੇ ਨੌਵੀਂ ਤੋ ਦਸਵੀਂ ਜਮਾਤਾਂ ਲਈ ਜ਼ੀਰੋ ਪੀਰੀਅਡ ਰਹੇਗਾ।

4.0 ਗਿਆਰ੍ਹਵੀ ਅਤੇ ਬਾਰ੍ਹਵੀ ਜਮਾਤਾਂ ਦੀ ਪ੍ਰੀਖਿਆ ਦੀ ਡੇਟਸ਼ੀਟ ਸਕੂਲ ਮੁੱਖੀ ਆਪਣੇ ਪੱਧਰ ਤੇ ਤਿਆਰ ਕਰਨਗੇ।

5.0 ਪੇਪਰ ਮੁਲਾਂਕਣ ਦਾ ਕੰਮ ਵੀ ਨਾਲ - ਨਾਲ ਮੁਕੰਮਲ ਕੀਤਾ ਜਾਵੇ। ਮੁਲਾਂਕਣ ਦਾ ਕੰਮ ਸਹੀ ਢੰਗ ਨਾਲ ਕੀਤਾ ਜਾਵੇ ਤਾਂ ਜੋ ਵਿਦਿਆਰਥੀਆਂ ਦੀ ਅਸਲੀ ਪ੍ਰਗਤੀ ਨੂੰ ਜਾਣਿਆ ਜਾ ਸਕੇ। ਨਿਰੀਖਣ ਅਧਿਕਾਰੀ/ਟੀਮਾਂ ਇਸ ਨੂੰ ਵਿਸ਼ੇਸ਼ ਰੂਪ ਵਿੱਚ ਸਮੇਂ ਸਮੇਂ ਤੇ ਦੇਖਣਗੀਆਂ।

6.0 ਸਕੂਲ ਦਾ ਸਮੁੱਚਾ ਨਤੀਜਾ 04.01.2011 ਤੱਕ ਤਿਆਰ ਕੀਤਾ ਜਾਵੇ।

7.0 ਮਿਤੀ 07.01.2011 ਨੂੰ ਮਾਪੇ ਅਧਿਆਪਕ ਮਿਲਣੀ ਕੀਤੀ ਜਾਵੇ।

8.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ

ਪਿਠਅੰਕਣ ਨੰ: ਸਸਅ/ਐਮਸੀ/2010/ 69314-317 ਮਿਤੀ, ਚੰਡੀਗੜ੍ਹ: 12-11-10

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ. (ਸੈ.ਸਿ.), ਪੰਜਾਬ।
2. ਮੰਡਲ ਸਿੱਖਿਆ ਅਫਸਰ ਨਾਭਾ/ਜਲੰਧਰ/ਫਰੀਦਕੋਟ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ